**Directorate Of Education, GNCT Of Delhi**

**Practice Paper**

**Session- 2023-24**

**Class-VIII**

**Subject-Punjabi**

**Time: 2 ½ hrs** **M.M- 60**

| ਆਮ ਨਿਰਦੇਸ਼ |
|---|
| ❖ ਪ੍ਰਸ਼ਨ ਪੱਤਰ ਦੇ ਚਾਰ ਭਾਗ ਹਨ।<br>❖ ਹਰੇਕ ਭਾਗ ਨੂੰ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਹਲ ਕਰਨ ਦਾ ਯਤਨ ਕਰੋ।<br>❖ ਬਹੁਵਿਕਲਪੀ ਪ੍ਰਸ਼ਨਾਂ ਦੇ ਵਿਕਲਪ ਨੰਬਰ ਨਾਲ ਉਹਨਾਂ ਦੇ ਉੱਤਰ ਵੀ ਲਿਖੋ। |

| ਪ੍ਰਸ਼ਨ | ਭਾਗ-ੳ (ਪੜ੍ਹਨ ਕੌਸ਼ਲ) | ਅੰਕ |
|---|---|---|
| 1. | ਹੇਠ ਲਿਖੇ ਅਣਡਿੱਠੇ ਪੈਰੇ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ।<br>ਸ਼ਹਿਰਾਂ ਵਿੱਚ ਰਹਿਣ ਵਾਲੇ ਲੋਕਾਂ ਲਈ ਪਾਰਕ ਸ਼ਹਿਰੀ ਭੂ-ਦ੍ਰਿਸ਼ ਦਾ ਮਹੱਤਵਪੂਰਨ ਹਿੱਸਾ ਹਨ। ਪਾਰਕ ਵਿੱਚ ਜਾ ਕੇ ਸੈਰ ਕੀਤੀ ਜਾ ਸਕਦੀ ਹੈ,ਆਰਾਮ ਨਾਲ ਬੈਠਿਆ ਜਾ ਸਕਦਾ ਹੈ,ਖੇਡਿਆ ਜਾ ਸਕਦਾ ਹੈ ਜਾਂ ਹਰਿਆਲੀ ਦਾ ਆਨੰਦ ਮਾਣਿਆ ਜਾ ਸਕਦਾ ਹੈ।ਪਾਰਕ ਦੇ ਵਾਤਾਵਰਨ ਲਈ ਵੀ ਕਈ ਲਾਭ ਹਨ। ਪਾਰਕਾਂ ਕਰਕੇ ਸ਼ਹਿਰ ਦਾ ਤਾਪਮਾਨ ਠੰਡਾ ਰਹਿੰਦਾ ਹੈ ਪਰੰਤੂ ਵਧਦੀਆਂ ਇਮਾਰਤਾਂ ਕਰਕੇ ਸ਼ਹਿਰਾਂ ਵਿੱਚੋਂ ਪਾਰਕ ਖਤਮ ਹੋ ਰਹੇ ਹਨ। ਪਾਰਕਾਂ ਦੀ ਕਮੀ ਦੀ ਪੂਰਤੀ ਕਰਨ ਲਈ ਲੋਕਾਂ ਨੂੰ ਘਰ ਦੀ ਛੱਤ ਉੱਤੇ ਬਗੀਚੇ ਬਣਾਉਣੇ ਚਾਹੀਦੇ ਹਨ। ਮਨੁੱਖ ਸਦੀਆਂ ਤੋਂ ਘਰ ਦੀਆਂ ਛੱਤਾਂ ਉੱਤੇ ਬਗੀਚੇ ਬਣਾਉਂਦਾ ਆਇਆ ਹੈ।<br><br>ੳ. ਪਾਰਕ ਕਿਸਦਾ ਮਹੱਤਵਪੂਰਨ ਹਿੱਸਾ ਹਨ?<br>ਅ. ਪਾਰਕ ਵਿੱਚ ਜਾ ਕੇ ਕੀ ਕੀਤਾ ਜਾ ਸਕਦਾ ਹੈ?<br>ੲ. ਪਾਰਕ ਸ਼ਹਿਰਾਂ ਲਈ ਕੀ ਕਰਦੇ ਹਨ?<br>ਸ. ਵਧਦੀਆਂ ਇਮਾਰਤਾਂ ਕਰਕੇ ਕੀ ਖਤਮ ਹੋ ਰਹੇ ਹਨ?<br>ਹ. ਮਨੁੱਖ ਸਦੀਆਂ ਤੋਂ ਕੀ ਕਰਦਾ ਆਇਆ ਹੈ? | 2x5=10 |
| | **ਭਾਗ- ਅ (ਵਿਆਕਰਨ)** | |
| 2. | ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਲਿਖੋ। (ਕੋਈ ਦਸ) | 1x10=10 |

DoE Delhi

ੳ. 'ਕੁੜੀ' ਸ਼ਬਦ ਦਾ ਹੇਠ ਲਿਖੇ ਅਨੁਸਾਰ ਸਹੀ ਵਚਨ ਬਦਲੋ।

i) ਮੁੰਡਾ ii) ਕੁੜੀਏ

iii)ਕੁੜੀਆਂ iv) ਲੜਕੀ

ਅ. 'ਸ਼ੇਰ' ਸ਼ਬਦ ਦਾ ਹੇਠ ਲਿਖੇ ਅਨੁਸਾਰ ਸਹੀ ਇਸਤਰੀਲਿੰਗ ਸ਼ਬਦ ਚੁਣੋ।

i) ਸ਼ੇਰਨੀ ii) ਸ਼ੇਰਾਂ

iii) ਸ਼ੇਰਨੀਆਂ iv) ਸ਼ੇਰੂ

ੲ. 'ਅੰਦਰ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ।

i) ਅੰਦਰੂਨੀ ii) ਬਾਹਰਲਾ

iii) ਅੰਦਰਲਾ iv) ਬਾਹਰ

ਸ. ਹੇਠ ਲਿਖੇ ਅਨੁਸਾਰ ਸਹੀ ਤਰਤੀਬ ਵਾਲਾ ਵਾਕ ਚੁਣੋ।

i) ਸੁੱਝੀ ਸ਼ਰਾਰਤ ਆਲੋਕ ਨੂੰ।

ii) ਆਲੋਕ ਨੂੰ ਸੁੱਝੀ ਸ਼ਰਾਰਤ।

iii) ਆਲੋਕ ਨੂੰ ਸ਼ਰਾਰਤ ਸੁੱਝੀ।

iv) ਸ਼ਰਾਰਤ ਆਲੋਕ ਨੂੰ ਸੁੱਝੀ।

ਹ. ਇਤਿਹਾਸ ਲਿਖਣ ਵਾਲੇ ਨੂੰ ਕੀ ਆਖਦੇ ਹਨ?ਹੇਠ ਦਿੱਤੇ ਵਿਕਲਪਾਂ ਅਨੁਸਾਰ ਚੁਣੋ।

i)ਲੇਖਕ ii) ਰਚਨਾਕਾਰ

iii) ਸਾਹਿਤਕਾਰ iv) ਇਤਿਹਾਸਕਾਰ

ਕ. ਹੇਠ ਲਿਖੇ ਸ਼ਬਦਾਂ ਵਿੱਚੋਂ ਖਾਸ ਨਾਂਵ ਚੁਣੋ।

i) ਕੁਰਸੀ ii) ਮਿੱਠਾ

iii) ਦਿੱਲੀ iv) ਪਿੰਡ

ਖ.ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਪੜਨਾਂਵ ਨਹੀਂ ਹੈ?

i) ਅਸੀਂ ii) ਤੁਸੀਂ

iii) ਉਹ iv) ਸੁਰੇਸ਼

ਗ. ਨਾਂਵ ਅਤੇ ਪੜਨਾਂਵ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦ ਨੂੰ ਕੀ ਆਖਦੇ ਹਨ?ਹੇਠ ਦਿੱਤੇ ਅਨੁਸਾਰ ਚੁਣੋ।

i) ਕਾਰਕ ii) ਯੋਜਕ

iii) ਵਿਸ਼ੇਸ਼ਣ iv) ਸੰਬੰਧਕ

ਘ. ਵੱਡੇ ਭਰਾ ਨੇ ਪੈੱਨ ਸੰਦੂਕੜੀ _______ ਪਾ ਦਿੱਤਾ।ਖਾਲੀ ਸਥਾਨ ਵਿੱਚ ਸਹੀ ਸ਼ਬਦ ਚੁਣ ਕੇ ਲਿਖੋ

i) ਉੱਤੇ ii) ਵਿੱਚ

iii) ਨਾਲ iv) ਕੋਲ

DoE, Delhi

| | | |
|---|---|---|
| | ਙ. (!) ਦਿੱਤੇ ਗਏ ਵਿਸਰਾਮ ਚਿੰਨ ਨੂੰ ਕੀ ਆਖਦੇ ਹਨ?<br>i) ਪ੍ਰਸ਼ਨ ਚਿੰਨ ii) ਵਿਸਮਿਕ ਚਿੰਨ<br>iii) ਕਾਮਾ iv) ਡੰਡੀ<br>ਚ. ਹੇਠ ਲਿਖੇ ਅਨੁਸਾਰ ਸਹੀ ਤਰਤੀਬ ਵਾਲਾ ਵਾਕ ਚੁਣੋ।<br>i) ਆਲੋਕ ਨੇ ਕਿਹਾ ਨਿਡਰ ਹੋ ਕੇ।<br>ii) ਅਜੇ ਤਾਂ ਪੂਰਾ ਅਸਮਾਨ ਬਾਕੀ ਹੈ।<br>iii) ਹਰੇਕ ਰਾਜ ਦੇ ਹਨ ਆਪਣੇ ਮੇਲੇ ਅਤੇ ਤਿਉਹਾਰ।<br>iv) ਹਟ ਜਾਓ ਰਾਹ ਵਿੱਚੋਂ ਸਾਡੇ।<br>ਛ. ਪੜਨਾਂਵ ਕਿਸਨੂੰ ਆਖਦੇ ਹਨ?<br>i) ਨਾਂਵ ਦੀ ਥਾਂ 'ਤੇ ਵਰਤੇ ਜਾਣ ਵਾਲੇ ਸ਼ਬਦਾਂ ਨੂੰ।<br>ii) ਨਾਂਵ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ।<br>iii) ਕਿਰਿਆ ਦੀ ਕਿਸਮ ਦੱਸਣ ਵਾਲੇ ਸ਼ਬਦ ਨੂੰ।<br>iv) ਕਿਰਿਆ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦਾਂ ਨੂੰ। | |
| | **ਭਾਗ- ੲ (ਲਿਖਣ ਕੌਸ਼ਲ)** | |
| 3. | ਕਿਸੇ ਇੱਕ ਵਿਸ਼ੇ ਉੱਤੇ ਪੰਜ ਸਤਰਾਂ ਵਿੱਚ ਲੇਖ ਲਿਖੋ।<br>ਗਣਤੰਤਰ ਦਿਵਸ<br>ਜਾਂ<br>ਸਮੇਂ ਦਾ ਮਹੱਤਵ | 5 |
| 4. | ਆਪਣੇ ਸਕੂਲ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।<br>ਜਾਂ<br>ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ। | 5 |
| 5. | ਹੇਠ ਦਿੱਤੇ ਸ਼ਬਦਾਂ ਦੀ ਸਹਾਇਤਾ ਨਾਲ ਪੰਜ ਸਤਰਾਂ ਵਿੱਚ ਚਿੱਤਰ ਦਾ ਵਰਨਣ ਕਰੋ।<br>(ਤਲਾਅ, ਬੱਤਖ, ਝਾੜੀਆਂ, ਪਾਣੀ, ਰੁੱਖ, ਤੈਰ, ਚਿੱਟੀ, ਛੋਟੀਆਂ ਬੱਤਖਾਂ) | 5 |

DoE, Delhi

| | | |
|---|---|---|
| | <br>**ਨੋਟ - ਇਹ ਪ੍ਰਸ਼ਨ ਕੇਵਲ ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਹੈ।**<br>ਆਪਣੇ ਮਨਪਸੰਦ ਪਾਲਤੂ ਜਾਨਵਰ ਬਾਰੇ ਪੰਜ ਸਤਰਾਂ ਲਿਖੋ। | |
| | **ਭਾਗ-ਸ (ਪਾਠ-ਪੁਸਤਕਾਂ 'ਤੇ ਅਧਾਰਤ)** | |
| 6. | ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਦਿਉ। (ਕੋਈ ਪੰਜ)<br>ੳ. ਆਲੋਕ ਨੂੰ ਕੀ ਚੰਗਾ ਨਹੀਂ ਲੱਗਦਾ ਸੀ?<br>i) ਗੋਪੀ ii) ਜਮਾਤ<br>iii) ਕੂੜਾ iv) ਸਫ਼ਾਈ<br>ਅ. ਮਾਉਂਟ ਐਵਰਸਟ ਉੱਤੇ ਚੜ੍ਹਨ ਵਾਲੀ ਭਾਰਤ ਦੀ ਪਹਿਲੀ ਮਹਿਲਾ ਕੌਣ ਸੀ?<br>i) ਬਛੇਂਦਰੀ ਪਾਲ ii) ਅਰੂਨਿਮਾ ਸਿਨਹਾ<br>iii) ਪੀ.ਟੀ. ਊਸ਼ਾ iv) ਮਿਤਾਲੀ ਰਾਜ<br>ੲ. ਪ੍ਰਿੰਸੀਪਲ ਜੀ ਨੇ ਬੱਚਿਆਂ ਨੂੰ ਕੀ ਸੁਣਾਇਆ?<br>i) ਕਹਾਣੀ ii) ਕਵਿਤਾ<br>iii) ਚੁਟਕੁਲਾ iv) ਭਾਸ਼ਣ<br>ਸ. ਹਰੇਕ ਮੇਲੇ ਪਿੱਛੇ ਲੋਕਾਂ ਦੇ ਕੀ ਜੁੜੇ ਹੁੰਦੇ ਹਨ?<br>i) ਘਮੰਡ ii) ਚਾਲਾਂ<br>iii) ਖੁਸ਼ੀਆਂ iv) ਵਿਸ਼ਵਾਸ<br>ਹ. ਬੀਰਬਲ ਨੇ ਅਕਬਰ ਨੂੰ ਕਿਸਦਾ ਮਹੱਤਵ ਸਮਝਾਇਆ?<br>i) ਬਿਜਲੀ ਦਾ ii) ਜਲ ਦਾ<br>iii) ਸਫ਼ਾਈ ਦਾ iv) ਰਾਜ ਦਾ | 1x5=5 |

DoE, Delhi

| | | |
|---|---|---|
| | ਕ. ਵੱਡਾ ਭਰਾ ਕਿਸਦੀਆਂ ਗੱਲਾਂ ਕਰਦਾ ਸੀ?<br>i) ਅਮੀਰੀ ਦੀਆਂ ii) ਮਰੀ ਮਾਂ ਦੀਆਂ<br>iii) ਨਰਕਾਂ-ਸੁਰਗਾਂ ਦੀਆਂ iv) ਭੈਣ ਦੀ ਸੇਵਾ ਦੀਆਂ<br>ਖ. ਔਰਤਾਂ ਦੀ ਪੁਕਾਰ ਕਿਸਨੇ ਨਾ ਸੁਣੀ?<br>i) ਰਾਹ ਵਿੱਚ ਜਾਂਦੇ ਲੋਕਾਂ ਨੇ ii) ਲੱਕੜ ਕੱਟਣ ਵਾਲਿਆਂ ਨੇ<br>iii) ਸਬਜ਼ੀ ਵੇਚਣ ਵਾਲੇ ਨੇ iv) ਗੱਡੀ ਚਲਾਉਣ ਵਾਲੇ ਨੇ | |
| 7. | ਹੇਠਾਂ ਪਾਠ-ਪੁਸਤਕ ਵਿੱਚੋਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ।<br>ਗੋਪੀ ਸ਼ਿਕਾਇਤ ਕਰਨ ਲਈ ਪ੍ਰਿੰਸੀਪਲ ਦੇ ਦਫ਼ਤਰ ਵੱਲ ਤੁਰ ਪਿਆ। ਉਹਦੇ ਛੱਡੇ ਮੂੰਗਫ਼ਲੀ ਦੇ ਛਿਲਕੇ ਉਸੇ ਤਰਾਂ ਘਾਹ ਉੱਤੇ ਖਿੱਲਰੇ ਪਏ ਸਨ। ਛਿਲਕਿਆਂ ਕੋਲ ਪੋਲੀਥਿਨ ਦੀ ਉਹ ਥੈਲੀ ਵੀ ਪਈ ਸੀ ਜਿਸ ਵਿੱਚ ਗੋਪੀ ਮੂੰਗਫ਼ਲੀ ਲਿਆਇਆ ਸੀ। ਆਲੋਕ ਨੇ ਉਹਨੂੰ ਤੁਰੇ ਜਾਂਦੇ ਨੂੰ ਪਿੱਛੋਂ ਆਵਾਜ਼ ਮਾਰੀ,"ਗੋਪੀ!ਆਪਣੇ ਛਿਲਕੇ ਤਾਂ ਚੁੱਕ ਕੇ ਜਾ!" ਪਰ ਗੋਪੀ,ਨਾਂਹ ਕਰਨ ਲਈ,ਪੁੱਠਾ ਜਿਹਾ ਹੱਥ ਮਾਰ ਕੇ ਤੁਰਦਾ ਬਣਿਆ।<br><br>ਪ੍ਰ- ਗੋਪੀ ਕੀ ਕਰਨ ਲਈ ਪ੍ਰਿੰਸੀਪਲ ਦੇ ਦਫ਼ਤਰ ਵੱਲ ਗਿਆ?<br>ਪ੍ਰ- ਘਾਹ ਉੱਤੇ ਕੀ ਖਿਲਰਿਆ ਪਿਆ ਸੀ?<br>ਪ੍ਰ- ਗੋਪੀ ਪੋਲੀਥਿਨ ਵਿੱਚ ਕੀ ਲਿਆਇਆ ਸੀ?<br>ਪ੍ਰ- ਗੋਪੀ ਨੂੰ ਆਵਾਜ਼ ਕਿਸਨੇ ਮਾਰੀ?<br>ਪ੍ਰ- ਗੋਪੀ ਨਾਂਹ ਕਰਨ ਲਈ ਕੀ ਕਰਕੇ ਤੁਰਦਾ ਬਣਿਆ? | 1x5=5 |
| 8. | ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਾਕ ਅੱਗੇ (√) ਅਤੇ ਗਲਤ ਵਾਕ ਅੱਗੇ (x) ਦਾ ਨਿਸ਼ਾਨ ਲਗਾਉ। (ਕੋਈ ਪੰਜ)<br>ੳ. ਦਿੱਲੀ ਵਿੱਚ ਕੋਈ ਮੇਲਾ ਨਹੀਂ ਮਨਾਇਆ ਜਾਂਦਾ।<br>ਅ. ਰੁੱਖ ਸਾਡੇ ਜੀਵਨ ਦਾਤਾ ਹਨ।<br>ੲ. ਆਲੋਕ ਨੇ ਗੋਪੀ ਦਾ ਦਸ ਰੁਪਏ ਦਾ ਨੋਟ ਚੁੱਕਿਆ ਸੀ।<br>ਸ. ਅਰੂਨਿਮਾ ਸਿਨਹਾ ਦੀ ਜ਼ਿੰਦਗੀ ਦਾ ਉਦੇਸ਼ ਆਪਣੇ ਜਿਹੇ ਲੋਕਾਂ ਦੀ ਮਦਦ ਕਰਨਾ ਹੈ।<br>ਹ. ਅਕਬਰ ਨੂੰ ਦਰਬਾਰ ਵਿੱਚ ਬੈਠ ਕੇ ਭੁੱਖ ਲੱਗੀ।<br>ਕ. ਬਸੰਤ ਰੁੱਤ ਵਿੱਚ ਸਾਰੇ ਪਾਸੇ ਉਜਾੜ ਪੈ ਜਾਂਦੀ ਹੈ।<br>ਖ. ਸੰਦੂਕੜੀ ਵਿੱਚ ਕੋਈ ਦੈਵੀ ਸ਼ਕਤੀ ਨਹੀਂ ਸੀ। | 1x5=5 |
| 9. | ਮਿਲਾਨ ਕਰੋ।<br>ਭਾਗ- । ਭਾਗ- ।। | 1x5=5 |

DoE, Delhi

| | | |
|---|---|---|
| | ਅਰੂਨਿਮਾ ਸਿਨਹਾ ਪੈਰਿਸ<br>ਫ਼੍ਰਾਂਸ ਪਰਬਤ<br>ਬਸੰਤ ਪੰਜਾਬ<br>ਹਿਮਾਲਾ ਉੱਤਰ ਪ੍ਰਦੇਸ਼<br>ਵਿਸਾਖੀ ਹਰਿਆਲੀ | |
| 10. | ਖਾਲੀ ਥਾਵਾਂ ਵਿੱਚ ਦਿੱਤੇ ਗਏ ਸਹੀ ਵਿਕਲਪ ਭਰੋ। (ਕੋਈ ਪੰਜ)<br>ਪਛਾਣ,ਪੈਰਿਸ,ਪਛਤਾਵੇ,ਚੁੱਪ-ਚਾਪ,ਦਰਬਾਰ,ਮਹਿਕ,ਨਿਰਾਸ਼<br>ੳ. ਬੀਰਬਲ,ਅਕਬਰ ਦੇ _________ਦਾ ਅਨਮੋਲ ਰਤਨ ਸੀ।<br>ਅ. ਦਿੱਲੀ ਵੀ ਮੇਲਿਆਂ ਕਾਰਣ ਆਪਣੀ ________ ਰੱਖਦੀ ਹੈ।<br>ੲ. ਬੀਬਾ________ ਸੰਦੂਕੜੀ ਵੱਲ ਵੇਖਦੀ ਰਹੀ।<br>ਸ. ਫੁੱਲਾਂ ਕੋਲੋਂ __________ ਨਹੀਂ ਸੰਭਾਲੀ ਜਾ ਰਹੀ।<br>ਹ. ਅਫ਼ਸਰ ਨਵਾਂ-ਨਵਾਂ ________ ਵਿੱਚ ਆਇਆ ਸੀ।<br>ਕ. ਅਰੂਨਿਮਾ ਸਿਨਹਾ ਆਪਣੀ ਕੱਟੀ ਹੋਈ ਲੱਤ ਨੂੰ ਵੇਖ ਕੇ ਕਈ ਵਾਰ _______ ਵੀ ਹੋਈ।<br>ਖ. ਰਾਜੇ ਦਾ ਦਿਲ ___________ ਨਾਲ ਭਰ ਗਿਆ। | 1x5=5 |

DoE, Delhi